| - | ਜਮਾਤ : ਅੱਠਵੀਂ ਵਿਸ਼ਾ: ਪੰਜਾਬੀ (ਪਹਿਲੀ ਭਾਸ਼ਾ) ਪ੍ਰਸ਼ਨ ਪੱਤਰ ਦਾ ਢਾਂਚਾ ( 2019-20) | | ਕੁਲ ਅੰਕ |
|---|---|---|---|
| ਭਾਗ-ੳ | **ਪ੍ਰਸ਼ਨ 1** :-ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 9 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 9 ਅੰਕ ਹੋਣਗੇ। | 9 × 1 | 9 |
| | **ਪ੍ਰਸ਼ਨ 2** :- ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 9 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 9 ਅੰਕ ਹੋਣਗੇ। | 9 × 1 | 9 |
| | **ਪ੍ਰਸ਼ਨ 3 :** 3, 4, 5 ਅਤੇ 6 ਵਿਆਕਰਨ ਨਾਲ ਸਬੰਧਤ ਪ੍ਰਸ਼ਨ ਪੈਰਿਆਂ ਵਿੱਚੋਂ ਪੁੱਛੇ ਜਾਣਗੇ । ਇਹ ਵਸਤੂਨਿਸ਼ਠ/ਬਹੁਵਿਕਲਪੀ ਪ੍ਰਸ਼ਨ ਹੋਣਗੇ।ਇਹਨਾਂ ਪ੍ਰਸ਼ਨਾਂ ਦੇ ਕੁੱਲ ਅੰਕ 18 ਹੋਣਗੇ। | 18 × 1 | 18 |
| ਭਾਗ-ਅ | **ਪ੍ਰਸ਼ਨ 4** :- ਕਵਿਤਾਵਾਂ ਵਿੱਚੋਂ 2 ਪੈਰੇ ਦੇ ਕੇ ਕਿਸੇ ਇੱਕ ਪੈਰੇ ਦਾ ਭਾਵ ਸਪਸ਼ਟ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 2 ਅੰਕ ਹੋਣਗੇ। | 1×2 | 2 |
| | **ਪ੍ਰਸ਼ਨ 5** :- ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ 7 ਪ੍ਰਸ਼ਨ ਦੇ ਕੇ ਕਿਸੇ 5 ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| | **ਪ੍ਰਸ਼ਨ 6 :-** ਕੋਈ 8 ਮੁਹਾਵਰਿਆਂ/ਸ਼ਬਦਾਂ ਵਿੱਚੋਂ ਕਿਸੇ 5 ਮੁਹਾਵਰਿਆਂ/ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰਨ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| | **ਪ੍ਰਸ਼ਨ 7** :- ਵਾਕ ਵਿਚੋਂ ਨਾਂਵ/ਪੜਨਾਂਵ/ਕਿਰਿਆ/ਵਿਸ਼ੇਸ਼ਣ ਦੀ ਪਛਾਣ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 2 ਅੰਕ ਹੋਣਗੇ। | 1×2 | 2 |
| | **ਪ੍ਰਸ਼ਨ 8 :-** ਕੋਈ 5 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। | 1×10 | 10 |
| | **ਪ੍ਰਸ਼ਨ 9** :- ਕੋਈ 2 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। | 1×8 | 8 |
| | **ਪ੍ਰਸ਼ਨ 10** :- ਇਹ ਪ੍ਰਸ਼ਨ ਕਿਰਿਆ ਆਧਾਰਿਤ ਹੋਵੇਗਾ। ਡੱਬਿਆਂ ਵਿੱਚ ਦਿੱਤੇ ਸ਼ਬਦਾਂ ਵਿੱਚੋਂ ਕੋਈ 10 ਸਾਰਥਕ ਸ਼ਬਦ ਪਛਾਣਨ ਲਈ ਕਿਹਾ ਜਾਵੇਗਾ। ਹਰੇਕ ਸ਼ਬਦ ਲਈ 1 ਅੰਕ ਹੋਵੇਗਾ। | 1×10 | 10 |
| | **ਪ੍ਰਸ਼ਨ 11** :- ਨਾਂਵ/ਪੜਨਾਂਵ/ਕਿਰਿਆ/ਵਿਸ਼ੇਸ਼ਣ ਵਿੱਚੋਂ ਕਿਸੇ 2 ਵਿੱਚੋਂ 1 ਦੀ ਪਰਿਭਾਸ਼ਾ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 2 ਅੰਕ ਹੋਣਗੇ। | 1×2 | 2 |
| | ਕੁੱਲ ਅੰਕ | | 90 |

ClassResult.in

# ਨਮੂਨਾ ਮੁਲਾਂਕਣ-ਪੱਤਰ
# ਪੰਜਾਬੀ
## ਜ਼ਮਾਤ-ਅੱਠਵੀਂ ਸੈੱਸ਼ਨ 2019-20

**ਸਮਾਂ: ਤਿੰਨ ਘੰਟੇ** ਕੁੱਲ ਅੰਕ-90

## ਭਾਗ-(ੳ)

**ਪ੍ਰਸ਼ਨ**:1 ਪੈਰੇ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ: 9**x1=9**

ਰੂਪਨਗਰ ਦਾ ਪਹਿਲਾ ਨਾਂ ਰੋਪੜ ਸੀ। 16 ਨਵੰਬਰ, 1976 ਈਸਵੀਂ ਨੂੰ ਇਸ ਸ਼ਹਿਰ ਅਤੇ ਜ਼ਿਲ੍ਹੇ ਦਾ ਨਾਂ ਰੋਪੜ ਤੋਂ ਰੂਪਨਗਰ ਕਰ ਦਿੱਤਾ ਗਿਆ। ਉਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ। ਇਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ। ਸਤਲੁਜ ਦਰਿਆ ਇਸ ਦੇ ਕੋਲੋਂ ਵਹਿੰਦਾ ਹੈ। ਇਸ ਦਰਿਆ ਵਿੱਚੋਂ ਕੱਢੀ ਗਈ ਸਰਹਿੰਦ ਨਹਿਰ ਵੀ ਇੱਥੋਂ ਹੀ ਵਹਿਣਾ ਅਰੰਭ ਕਰਦੀ ਹੈ। ਬਿਸਤ ਦੁਆਬ ਨਾਂ ਦੀ ਇੱਕ ਹੋਰ ਨਹਿਰ ਦਰਿਆ ਦੇ ਦੂਜੇ ਕਿਨਾਰੇ ਤੋਂ ਕੱਢੀ ਗਈ ਹੈ। ਦੁਆਬੇ ਦੇ ਕੁਝ ਭਾਗਾਂ ਨੂੰ ਇਸ ਦਾ ਪਾਣੀ ਜਾਂਦਾ ਹੈ। ਨੰਗਲ, ਭਾਖੜਾ ਡੈਮ ਤੋਂ ਕੱਢੀ ਗਈ ਭਾਖੜਾ ਨਹਿਰ ਵੀ ਰੂਪਨਗਰ ਦੇ ਕੋਲੋਂ ਲੰਘਦੀ ਹੈ। ਰੂਪਨਗਰ ਵਿਖੇ ਸਤਲੁਜ ਦਰਿਆ ਦੇ ਪਾਣੀ ਨੂੰ ਲੋੜ ਅਨੁਸਾਰ ਨਹਿਰਾਂ ਵਿੱਚ ਭੇਜਣ ਲਈ ਹੈੱਡਵਰਕਸ ਬਣਾਇਆ ਗਿਆ ਹੈ। ਇਸ ਹੈੱਡਵਰਕਸ ਦੇ ਉੱਪਰਲੇ ਪਾਸੇ ਸਤਲੁਜ ਦਰਿਆ ਇੱਕ ਵੱਡੀ ਝੀਲ ਵਾਂਗ ਦਿਸਦਾ ਹੈ। ਇੱਥੇ ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ ਸੈਰ-ਸਪਾਟੇ ਲਈ ਥਾਂ ਬਣਾ ਦਿੱਤੀ ਹੈ। ਇਸ ਪ੍ਰਕਾਰ ਇਹ ਸ਼ਹਿਰ ਕੁਦਰਤੀ ਦ੍ਰਿਸ਼ਾਂ ਨਾਲ਼ ਭਰਪੂਰ ਹੈ। ਇਸ ਤੋਂ ਜਾਪਦਾ ਹੈ ਕਿ ਇਸ ਸ਼ਹਿਰ ਦਾ ਨਵਾਂ ਨਾਂ ਰੂਪਨਗਰ ਇਸ ਦੀ ਸੁੰਦਰਤਾ ਕਾਰਨ ਬੜਾ ਢੁਕਵਾਂ ਹੈ।

ClassResult.in

1.ਰੂਪਨਗਰ ਦਾ ਪਹਿਲਾ ਨਾਂ ਕੀ ਸੀ ?

(ੳ) ਲੁਧਿਆਣਾ (ਅ) ਰੋਪੜ (ੲ) ਨਵਾਂਸ਼ਹਿਰ (ਸ) ਹੁਸ਼ਿਆਰਪੁਰ

2.ਰੂਪਨਗਰ ਸ਼ਹਿਰ ਕਿਹੜੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੋਇਆ ਹੈ?

(ੳ) ਰਾਜਮਹਲ ਪਹਾੜੀਆਂ (ਅ) ਗਲੇਸ਼ੀਅਰ ਪਹਾੜੀਆਂ

(ੲ) ਸ਼ਿਵਾਲਿਕ ਪਹਾੜੀਆਂ (ਸ) ਤ੍ਰਿਕੁਟ ਪਹਾੜੀਆਂ

3.ਕਿਹੜਾ ਦਰਿਆ ਰੂਪਨਗਰ ਕੋਲ਼ੋਂ ਵਹਿੰਦਾ ਹੈ?

(ੳ) ਸਤਲੁਜ (ਅ) ਗੰਗਾ (ੲ) ਜਮੁਨਾ (ਸ) ਨੀਲ

4.ਰੂਪਨਗਰ ਸ਼ਹਿਰ ਦਾ ਨਾਂ ਕਿਸ ਕਾਰਨ ਢੁਕਵਾਂ ਹੈ?

(ੳ) ਉਦਯੋਗ (ਅ) ਸੁੰਦਰਤਾ (ੲ) ਸੜਕਾਂ (ਸ) ਵਿੱਦਿਅਕ ਪੱਖੋਂ

5.ਰੋਪੜ ਦਾ ਨਾਂ ਬਦਲਣ ਸਮੇਂ ਪੰਜਾਬ ਦੇ ਮੁੱਖ ਮੰਤਰੀ ਕੌਣ ਸਨ ?

ੳ) ਗਿਆਨੀ ਜ਼ੈਲ ਸਿੰਘ ਅ) ਪ੍ਰਕਾਸ਼ ਸਿੰਘ ਬਾਦਲ ੲ) ਕੈਪਟਨ ਅਮਰਿੰਦਰ ਸਿੰਘ
ਸ) ਪ੍ਰਤਾਪ ਸਿੰਘ ਕੈਰੋਂ

6.ਹੈੱਡਵਰਕਸ ਕਿੱਥੇ ਬਣਾਇਆ ਗਿਆ ਹੈ ?

ੳ) ਸ਼ਤਲੁਜ 'ਤੇ ਅ) ਰਾਵੀ 'ਤੇ ੲ) ਜਿਹਲਮ 'ਤੇ ਸ) ਸਿੰਧ 'ਤੇ

7.ਸੈਰ-ਸਪਾਟੇ ਲਈ ਥਾਂ ਕਿੱਥੇ ਬਣੀ ਹੋਈ ਹੈ?

ੳ) ਦਰਿਆ ਦੇ ਪਿੰਡ ਵੱਲ ਦੇ ਕੰਢੇ ਉੱਤੇ ਅ) ਦਰਿਆ ਦੇ ਸ਼ਹਿਰ ਵੱਲ ਦੇ ਕੰਢੇ ਉੱਤੇ

ੲ) ਦਰਿਆ ਦੇ ਵਿਚਕਾਰ ਸ) ਦਰਿਆ ਦੇ ਉੱਤੇ

8.ਸਤਲੁਜ ਦਰਿਆ ਕਿਸ ਵਾਂਗ ਦਿਸਦਾ ਹੈ ?

ੳ) ਝੀਲ-ਵਾਂਗ ਅ) ਨਹਿਰ-ਵਾਂਗ ੲ) ਤਲਾਅ-ਵਾਂਗ ਸ) ਟੋਭੇ-ਵਾਂਗ

9.ਇਸ ਸ਼ਹਿਰ ਅਤੇ ਜ਼ਿਲ੍ਹੇ ਦਾ ਨਾਂ ਰੋਪੜ ਤੋਂ ਰੂਪਨਗਰ ਕਦੋਂ ਕਰ ਦਿੱਤਾ ਗਿਆ?

ੳ) 16 ਨਵੰਬਰ, 1976 ਈਸਵੀ ਅ) 17 ਨਵੰਬਰ, 1976 ਈਸਵੀ

ੲ) 18 ਨਵੰਬਰ, 1976 ਈਸਵੀ ਸ) 21 ਨਵੰਬਰ, 1976 ਈਸਵੀ

**ਪ੍ਰਸ਼ਨ:2. ਪੈਰੇ ਵਿਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ:** **9x1=9**

ClassResult.in

**ਡਾ.ਮਹਿੰਦਰ ਸਿੰਘ** ਰੰਧਾਵਾ ਦਾ ਜਨਮ 2 ਫ਼ਰਵਰੀ, 1909 ਈ. ਨੂੰ ਪਿਤਾ ਸ਼ੇਰ ਸਿੰਘ ਜੀ ਦੇ ਘਰ ਜ਼ੀਰਾ ਵਿਖੇ ਹੋਇਆ, ਉਹਨਾਂ ਦਾ ਜੱਦੀ ਪਿੰਡ ਬੋਦਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਹੈ। 1924 ਈ. ਵਿੱਚ ਖ਼ਾਲਸਾ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ 1930 ਈ. ਵਿੱਚ ਐੱਮ. ਐੱਸ-ਸੀ. ਕਰਨ ਪਿੱਛੋਂ 1934 ਈ: ਵਿੱਚ ਲੰਡਨੋਂ ਆਈ.ਸੀ.ਐੱਸ ਦੀ ਪ੍ਰਤਿਯੋਗਤਾ ਪਾਸ ਕੀਤੀ।ਉਸ ਪਿੱਛੋਂ ਆਪ ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਵੱਖ-ਵੱਖ ਉੱਚੇ ਅਹੁਦਿਆਂ ਉੱਤੇ ਕੰਮ ਕਰਦੇ ਰਹੇ ਤੇ ਫਿਰ ਆਪ ਨੂੰ ਚੰਡੀਗੜ੍ਹ ਦਾ ਮੁੱਖ ਕਮਿਸ਼ਨਰ ਲਾਇਆ ਗਿਆ। ਬਾਅਦ ਵਿੱਚ ਇੱਕ ਅਰਸੇ ਲਈ ਆਪ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ- ਕੁਲਪਤੀ ਬਣੇ। ਆਪ ਵੱਲੋਂ ਬਨਸਪਤੀ ਵਿਗਿਆਨ ਦੇ ਸੰਬੰਧ ਵਿਚ ਕੀਤੀ ਖੋਜ ਉੱਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਆਪ ਨੂੰ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ।

1. ਡਾ: ਰੰਧਾਵਾ ਦਾ ਜਨਮ ਕਿੱਥੇ ਹੋਇਆ?

(ੳ) ਬਠਿੰਡਾ (ਅ) ਸ੍ਰੀ ਮੁਕਤਸਰ ਸਾਹਿਬ (ੲ) ਜ਼ੀਰਾ (ਸ) ਫਰੀਦੋਕਟ

2. ਡਾ: ਰੰਧਾਵਾ ਨੇ ਦਸਵੀਂ ਕਿਹੜੇ ਸਾਲ ਵਿੱਚ ਪਾਸ ਕੀਤੀ?

(ੳ) 1924 (ਅ) 1920 (ੲ) 1930 (ਸ) 1934

3. ਡਾ: ਰੰਧਾਵਾ ਨੂੰ ਮੁੱਖ ਕਮਿਸ਼ਨਰ ਕਿਹੜੇ ਸ਼ਹਿਰ ਵਿੱਚ ਲਗਾਇਆ ਗਿਆ ?

(ੳ) ਅੰਮ੍ਰਿਤਸਰ (ਅ) ਚੰਡੀਗੜ੍ਹ (ੲ) ਜਲੰਧਰ (ਸ) ਦਿੱਲੀ

4.ਡਾ: ਮਹਿੰਦਰ ਸਿੰਘ ਰੰਧਾਵਾ ਨੇ ਪੰਜਾਬ ਯੂਨੀਵਰਸਿਟੀ ਤੋਂ ਕਿਹੜੀ ਡਿਗਰੀ ਪ੍ਰਾਪਤ ਕੀਤੀ?

(ੳ) ਐੱਮ.ਏ. (ਅ) ਡਾਕਟਰੇਟ (ੲ) ਬੀ.ਐਡ (ਸ) ਬੀ.ਏ.

5. ਡਾ.ਮਹਿੰਦਰ ਸਿੰਘ ਰੰਧਾਵਾ ਦੇ ਪਿਤਾ ਦਾ ਨਾਂ ਕੀ ਸੀ ?

ੳ) ਜਤਿੰਦਰ ਸਿੰਘ ਅ) ਮਹਿੰਦਰ ਸਿੰਘ ੲ) ਸ਼ੇਰ ਸਿੰਘ ਸ) ਬਹਾਦਰ ਸਿੰਘ

6.ਉਪਰੋਕਤ ਪੈਰੇ ਵਿੱਚੋਂ ਖ਼ਾਸ ਨਾਂਵ ਦੀ ਠੀਕ ਉਦਾਹਰਨ ਚੁਣੋ :

ੳ) ਲੁਧਿਆਣਾ ਅ) ਬਨਸਪਤੀ ੲ) ਵਿਗਿਆਨ ਸ) ਪਿੰਡ

7.ਡਾ: ਮਹਿੰਦਰ ਸਿੰਘ ਰੰਧਾਵਾ ਨੇ ਆਈ.ਸੀ.ਐੱਸ ਦੀ ਪ੍ਰਤਿਯੋਗਤਾ ਕਿੱਥੋਂ ਪਾਸ ਕੀਤੀ ?

ੳ) ਇੰਗਲੈਂਡ ਅ) ਲੰਡਨ ੲ) ਅਮਰੀਕਾ ਸ) ਕਨੇਡਾ

8. ਡਾ: ਮਹਿੰਦਰ ਸਿੰਘ ਰੰਧਾਵਾ ਵੱਲੋਂ ਕਿਹੜੇ ਵਿਸ਼ੇ ਦੇ ਸੰਬੰਧ ਵਿਚਖੋਜ ਕੀਤੀਗਈ ?

ੳ) ਧੁਨੀ-ਵਿਗਿਆਨ ਅ) ਬਨਸਪਤੀ-ਵਿਗਿਆਨ

ੲ) ਸਮਾਜ-ਵਿਗਿਆਨ ਸ) ਚਿੰਨ੍ਹ-ਵਿਗਿਆਨ

ClassResult.in

9. ਡਾ: ਮਹਿੰਦਰ ਸਿੰਘ ਰੰਧਾਵਾ ਦਾ ਜੱਦੀ ਪਿੰਡ ਕਿਹੜਾ ਹੈ ?

ੳ) ਲੰਬੀ ਅ) ਤਰਨਤਾਰਨ ੲ) ਮਜਾਤ ਸ) ਬੋਦਲ਼ਾਂ

**ਪ੍ਰਸ਼ਨ:3. ਉਪਰੋਕਤ ਪੈਰਿਆਂ ਵਿੱਚੋਂ ਕੋਈ ਦੋ ਪੜਨਾਂਵ ਸ਼ਬਦ ਲਿਖੋ।** 2x1=2

**ਪ੍ਰਸ਼ਨ:4.ਉਪਰੋਕਤ ਪੈਰਿਆਂ ਵਿੱਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ।** 3x2=6

1. ‘ਪਿਤਾ’ ਸ਼ਬਦ ਦਾ ਲਿੰਗ ਬਦਲੋ :

(ੳ) ਮਾਮੀ (ਅ) ਦਾਦੀ (ੲ) ਮਾਤਾ (ਸ) ਨਾਨੀ

2. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਕਿਰਿਆ ਹੈ ?

(ੳ) ਹੁਸ਼ਿਆਰਪੁਰ (ਅ) ਬੋਦਲ਼ਾਂ (ੲ) ਰੂਪਨਗਰ (ਸ) ਬਣਾਇਆ

3. ‘ਪਹਾੜ’ ਇਸਤਰੀ-ਲਿੰਗ ਹੈ ਜਾਂ ਪੁਲਿੰਗ :

**ਪ੍ਰਸ਼ਨ:5 ਉਪਰੋਕਤ ਪੈਰੇ ਵਿੱਚੋਂ ਹੇਠ ਲਿਖੇ ਵਿਸਰਾਮ ਚਿੰਨ੍ਹ ਲਿਖੋ।** **(4x1=4)**

1. ਜੋੜਨੀ ( )
2. ਡੰਡੀ ( )
3. ਕਾਮਾ ( )
4. ਬ੍ਰੈਕਟ ( )

**ਪ੍ਰਸ਼ਨ:6.ਉਪਰੋਕਤ ਪੈਰਿਆਂ ਵਿੱਚੋਂ ਵਿਰੋਧੀ ਸ਼ਬਦਾਂ ਦਾ ਸਹੀ ਮਿਲਾਣ ਕਰੋ:** **(6x1=6)**

| | |
|---|---|
| ਪਾਸ | ਅੰਤ |
| ਉੱਪਰਲਾ | ਪੁਰਾਣਾ |
| ਉੱਚਾ | ਛੋਟੀ |
| ਨਵਾਂ | ਫੇਲ੍ਹ |
| ਵੱਡੀ | ਹੇਠਲਾ |
| ਅਰੰਭ | ਨੀਵਾਂ |

ClassResult.in

**ਭਾਗ (ਅ)**

**7: ਹੇਠ ਲਿਖੀਆਂ ਕਾਵਿ- ਸਤਰਾਂ ਦਾ ਭਾਵ ਸਪਸ਼ਟ ਕਰੋ:** **(2x1=2)**

ਮੈਂ ਸੂਰਜ ਤੋਂ ਹੋਈ ਪੈਦਾ,
ਦੁਆਲ਼ੇ ਘੁੰਮਣਾ ਪੱਕਾ ਕਾਇਦਾ।
ਗਰਮੀ, ਮੀਂਹ, ਬਸੰਤ, ਸਿਆਲ਼,
ਆ ਕੇ ਪੁੱਛਣ ਮੇਰਾ ਹਾਲ।

**ਜਾਂ**

ਜੇ ਕਿਧਰੇ ਹਾਰਾਂ ਲੱਕ ਤੋੜਨ,
ਮਨ ਹੋ ਜਾਏ ਨਿਰਾਸ।
ਜ਼ਿੰਦਗੀ ਜਾਣੀਂ ਘੋਲ਼ ਲੰਮੇਰਾ,
ਜਿੱਤ ਵਿੱਚ ਰੱਖ ਵਿਸ਼ਵਾਸ।

**ਪ੍ਰਸ਼ਨ: 8 ਹੇਠ ਲਿਖੇ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ :** **(5x2=10)**

1. 'ਜੈ ਭਾਰਤ ਮਾਤਾ' ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜਿਕਰ ਆਇਆ ਹੈ?
2. ਪੰਜਾਬ ਕੋਰ ਨੇ ਘਰ ਛੱਡਣ ਦਾ ਫ਼ੈਸਲਾ ਕਿਉਂ ਕਰ ਲਿਆ ਸੀ?
3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਸੀ? ਉਸ ਬਾਰੇ ਕੁੱਝ ਸਤਰਾਂ ਲਿਖੋ।
4. ਪੰਜਾਬ ਦੇ ਲੋਕ-ਨਾਚ ਕਿਹੜੇ-ਕਿਹੜੇ ਹਨ?
5. ਵਿਦਿਆਰਥੀਆਂ ਨੇ ਚੰਡੀਗੜ੍ਹ ਵਿੱਚ ਕਿਹੜੀਆਂ-ਕਿਹੜੀਆਂ ਥਾਂਵਾਂ ਦੇਖੀਆਂ?
6. ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਤੇ ਕਿਉਂ?
7. ਵਿਹਲੇ ਸਮੇਂ ਵਿਚ ਪੰਜਾਬੀ ਆਪਣਾ ਮੋਨਰੰਜਨ ਕਿਵੇਂ ਕਰਦੇ ਸਨ?

**ਪ੍ਰਸ਼ਨ:9 ਕੋਈ ਪੰਜ ਸ਼ਬਦਾਂ/ਮੁਹਾਵਰਿਆਂ ਨੂੰ ਵਾਕਾਂ ਵਿੱਚ ਬਦਲੋ:** **(5x2=10)**

ਦਿਲਾਸਾ, ਥਰ-ਥਰ ਕੰਬਣਾ, ਯੋਗਦਾਨ, ਦੰਦ ਖੱਟੇ ਕਰਨਾ, ਮੰਜ਼ਲ, ਹਿੰਮਤ, ਫੁੱਲੇ ਨਾ ਸਮਾਉਣਾ, ਪ੍ਰਤਿਭਾ

**ਪ੍ਰਸ਼ਨ:10 ਹੇਠ ਲਿਖੇ ਵਾਕ ਵਿੱਚੋਂ ਨਾਂਵ ਲੱਭ ਕੇ ਲਿਖੋ-** **(1x2=2)**

ਉਸਦਾ ਭਰਾ ਬੜਾ ਸੋਹਣਾ ਹੈ।

**ਪ੍ਰਸ਼ਨ:11 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ** (10)

ਅੱਖੀਂ ਡਿੱਠਾ ਮੇਲਾ,ਪ੍ਰਦੂਸ਼ਣ ਦੀ ਸਮੱਸਿਆ,ਅਖ਼ਬਾਰਾਂ ਦੇ ਲਾਭ-ਹਾਨੀਆਂ, ਸ਼ਹੀਦ ਭਗਤ ਸਿੰਘ ਪੰਦਰਾਂ ਅਗਸਤ

ClassResult.in

**ਪ੍ਰਸ਼ਨ:12 ਮੁੱਖ ਅਧਿਆਪਕ ਨੂੰ ਫ਼ੀਸ ਮੁਆਫ਼ੀ ਦੀ ਅਰਜ਼ੀ ਲਿਖੋ।** (8)

**ਜਾਂ**

**ਪਿੰਡ ਦੇ ਸਰਪੰਚ ਨੂੰ ਮਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ।**

**ਪ੍ਰਸ਼ਨ:13 ਹੇਠ ਲਿਖੇ ਡੱਬਿਆਂ ਵਿੱਚੋਂ ਘੱਟੋ-ਘੱਟ 10 ਸਾਰਥਕ ਸ਼ਬਦ ਚੁਣ ਕੇ ਲਿਖੋ:-** (10)

| | | | | | | | | | | |
|---|---|---|---|---|---|---|---|---|---|---|
| ਲ | ੜਾ | ਈ | ਜ਼ | ਰੂ | ਰ | ਸਿ | ਰ | ਪਰ | ਹ | ਵਾ |
| ਬੇ | ਨ | ਤੀ | ਆ | ਆਂ | ਠੀ | ਚਿ | ਲਾ | ਕ | ਮ | ਰਾ |
| ਰ | ਸਿ | ਅ | ਧਿ | ਆ | ਪ | ਕ | ਨਾ | ਧਿ | ਆ | ਨ |
| ਹੱ | ਸ | ਫ | ਲ | ਥ | ਨਿ | ਯ | ਤ | ਚ | ਰਿ | ਕ |
| ਅ | ਗ | ਵਾ | ਈ | ਖ | ਤੋ | ਲ | ਣਾ | ਮਾ | ਡ | ਨ |
| ਮਾ | ਰ | ਨਾ | ਵਿ | ਸ਼ | ਵਾ | ਸ | ਨੁ | ਮਾ | ਇ | ਸ਼ |
| ਚ | ਦਾ | ਖਾ | ਨੀ | ਨੌ | ਕ | ਰੀ | ਭੀ | ਪੂ | ਨਾ | ਭੋ |
| ਡਾ | ਨ | ਕ | ਰ | ਤੂ | ਤ | ਬ | ਜ | ਲੰ | ਧ | ਰ |
| ਲ | ਤੇ | ਭਾ | ਰ | ਤ | ਨ | ਕੱ | ਪ | ੜਾ | ਮਾ | ਤ |
| ਪਾ | ਕਿ | ਸ | ਤਾ | ਨ | ਸੋ | ਵਿ | ਆ | ਹ | ੜਾ | ੜਾ |
| ਛਿ | ੜ | ਕ | ਣਾ | ਜੋ | ਤਾ | ਸ | ਰ | ਹੱ | ਦ | ਘੋ |

ਪ੍ਰਸ਼ਨ: 14. ਨਾਂਵ ਤੋਂ ਕੀ ਭਾਵ ਹੈ? ਉਦਾਹਰਨ ਸਹਿਤ ਦੱਸੋ। (2)

ਜਾਂ

ਵਿਸ਼ੇਸ਼ਣ ਤੋਂ ਕੀ ਭਾਵ ਹੈ? ਉਦਾਹਰਨ ਸਹਿਤ ਦੱਸੋ।

ClassResult.in